# ਪੰਜਾਬ ਸਕੂਲ ਸਿੱਖਿਆ ਬੋਰਡ

## ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਸ਼ਡਿਊਲ (ਸੈਸ਼ਨ 2025-26)

ਸੈਸ਼ਨ **2025-26** ਲਈ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਸਬੰਧੀ ਹਦਾਇਤਾਂ ਬੋਰਡ ਦੀ ਵੈਬਸਾਈਟ ਅਤੇ ਸਕੂਲ ਲਾਗਇੰਨ ਆਈ.ਡੀ. ਤੇ ਉਪਲੱਬਧ ਹਨ। ਉਹਨਾਂ ਨੂੰ ਪੜ੍ਹਣ ਉਪਰੰਤ ਹੀ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨੀ ਯਕੀਨੀ ਬਣਾਈ ਜਾਵੇ। ਵਿਦਿਆਰਥੀਆਂ ਦੀ ਦਸਵੀਂ ( ਫਾਰਮ M-1 ਅਤੇ M-2), ਗਿਆਰ੍ਹਵੀਂ (ਫਾਰਮ E-1 ਅਤੇ E-2) ਅਤੇ ਬਾਰ੍ਹਵੀਂ (ਫਾਰਮ T-1 ਅਤੇ T-2) ਸ਼੍ਰੇਣੀਆਂ ਵਿੱਚ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਦੀਆਂ ਮਿਤੀਆਂ ਦਾ ਸ਼ਡਿਊਲ ਅਤੇ ਫੀਸਾਂ ਹੇਠਾਂ ਦਰਸਾਏ ਅਨੁਸਾਰ ਹਨ:-

### ਫਾਰਮ ਵਾਈਜ਼ ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਫੀਸ

| ਲੜੀ ਨੰ: | ਸ਼੍ਰੇਣੀ | ਫਾਰਮ | ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਫੀਸ |
|---|---|---|---|
| 1 | ਦਸਵੀਂ | M1 | **200/-** |
| | | M2 | **1100/-** |
| 2 | ਗਿਆਰ੍ਹਵੀਂ | E1 | **250/-** |
| | | E2 | **1100/-** |
| 3 | ਬਾਰ੍ਹਵੀਂ | T1 | **200/-** |
| | | T2 | **1100/-** |

### ਦਸਵੀਂ, ਗਿਆਰਵੀਂ ਅਤੇ ਬਾਰਵੀਂ ਸ਼੍ਰੇਣੀਆਂ ਲਈ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦਾ ਸ਼ਡਿਊਲ

| ਸ਼੍ਰੇਣੀ/ ਜੁਰਮਾਨਾ ਫੀਸ | ਐਪਲੀਕੇਸ਼ਨ ਚਾਲੂ ਕਰਨ ਦੀ ਮਿਤੀ | ਆਫ-ਲਾਈਨ ਫੀਸ ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | ਆਫ-ਲਾਈਨ ਫੀਸ ਚਲਾਨ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | ਆਨ-ਲਾਈਨ ਐਂਟਰੀ ਅਤੇ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ |
|---|---|---|---|---|
| ਬਿਨ੍ਹਾਂ ਲੇਟ ਫੀਸ | 23-05-2025 | 23-07-2025 | 28-07-2025 | 28-07-2025 |
| 500/-ਰੁ: ਪ੍ਰਤੀ ਵਿਦਿ: ਲੇਟ ਫੀਸ ਨਾਲ | 29-07-2025 | 13-08-2025 | 18-08-2025 | 18-08-2025 |
| 1500/-ਰੁ: ਪ੍ਰਤੀ ਵਿਦਿ: ਲੇਟ ਫੀਸ ਨਾਲ | 19-08-2025 | 04-09-2025 | 09-09-2025 | 09-09-2025 |

**ਨੋਟ :-**

(1) ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਫੀਸਾਂ ਸਕੂਲਾਂ ਵੱਲੋਂ Online payment gateway ਜਾਂ ਆਫ-ਲਾਈਨ ਚਲਾਨ ਜਨਰੇਟ ਵਿਧੀ ਰਾਹੀਂ ਬੈਂਕਾਂ ਵਿੱਚ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਦੋਨਾਂ ਵਿਧੀਆਂ ਵਿੱਚੋਂ ਆਪਣੀ ਸੁਵਿਧਾ ਅਨੁਸਾਰ ਕਿਸੇ ਇੱਕ ਵਿਧੀ ਰਾਹੀਂ ਫੀਸਾਂ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਸਕੂਲ ਤੋਂ ਸਕੂਲ ਮਾਈਗਰੇਸ਼ਨ ਫੀਸਾਂ ਸਕੂਲਾਂ ਵੱਲੋਂ ਕੇਵਲ Online payment gateway ਵਿਧੀ ਰਾਹੀਂ ਹੀ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ ।

(2) ਜੋ ਚਲਾਨ ਜਨਰੇਟ ਕੀਤਾ ਜਾ ਚੁੱਕਾ ਹੋਵੇ, ਉਸ ਚਲਾਨ ਉੱਪਰ ਦਰਜ Challan Valid Date ਤੱਕ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਜੇਕਰ ਫੀਸ ਜਮ੍ਹਾਂ ਕਰਵਾਉਣ ਦੀਆਂ ਆਖਰੀ ਮਿਤੀਆਂ ਵਿੱਚ ਵਾਧਾ ਹੋ ਜਾਂਦਾ ਹੈ ਤਾਂ ਵੀ ਜਨਰੇਟ ਕੀਤੇ ਜਾ ਚੁੱਕੇ ਚਲਾਨਾਂ ਦੀ ਆਖਰੀ ਮਿਤੀ ਚਲਾਨ ਉੱਪਰ ਦਰਜ Challan Valid Date ਤੱਕ ਹੀ ਸੀਮਤ ਰਹੇਗੀ। ਉਹਨਾਂ ਸਕੂਲਾਂ ਨੂੰ Challan Valid Date ਵਿੱਚ ਕਿਸੇ ਕਿਸਮ ਦੀ ਕੋਈ ਛੋਟ ਨਹੀ ਦਿੱਤੀ ਜਾਵੇਗੀ। ਉਸ ਚਲਾਨ ਦੀ Challan Valid Date ਖਤਮ (End) ਹੋਣ ਤੋਂ ਬਾਅਦ ਨਵਾਂ ਚਲਾਨ ਰੀ-ਜਨਰੇਟ ਕਰਕੇ ਨਿਰਧਾਰਿਤ ਸ਼ਡਿਊਲ ਅਤੇ ਜੁਰਮਾਨੇ ਅਨੁਸਾਰ ਹੀ ਫੀਸ ਜਮ੍ਹਾਂ ਕਰਵਾਈ ਜਾ ਸਕਦੀ ਹੈ।

(3) ਕਿਸੇ ਵੀ ਫਾਰਮ ਵਿੱਚ ਐਂਟਰੀ ਕਰਨ ਉਪਰੰਤ ਵਿਦਿਆਰਥੀਆਂ ਦੀ ਫਾਈਨਲ ਸਬਮਿਸ਼ਨ MULTIPLE LOT ਵਿੱਚ ਕੀਤੀ ਜਾ ਸਕਦੀ ਹੈ (ਭਾਵ ਇੱਕ ਵਾਰ ਫਾਈਨਲ ਸਬਮਿਸ਼ਨ ਕਰਨ ਉਪਰੰਤ ਉਸ ਤੋਂ ਬਾਅਦ ਵੀ ਬਾਕੀ ਰਹਿੰਦੇ ਵਿਦਿਆਰਥੀਆਂ ਦੀ ਫਾਈਨਲ ਸਬਮਿਸ਼ਨ ਦੁਬਾਰਾ ਵੱਖ-ਵੱਖ LOTS ਰਾਹੀਂ ਵੀ ਸ਼ਡਿਊਲ ਵਿੱਚ ਨਿਰਧਾਰਿਤ ਆਖਰੀ ਮਿਤੀ ਤੱਕ ਕੀਤੀ ਜਾ ਸਕਦੀ ਹੈ)।

(4) ਫਾਈਨਲ ਸਬਮਿਸ਼ਨ ਕਰਨ ਉਪਰੰਤ ਜਨਰੇਟ ਕੀਤੇ ਚਲਾਨ ਅਤੇ ਫਾਈਨਲ ਪ੍ਰਿੰਟ ਦੀ ਕਾਪੀ ਸਕੂਲ ਰਿਕਾਰਡ ਵਿੱਚ ਲਾਜ਼ਮੀ ਰੱਖੀ ਜਾਵੇ। ਚਲਾਨ ਨਾ ਜਨਰੇਟ ਕਰਨ ਦੀ ਸੂਰਤ ਵਿੱਚ ਸਮੁੱਚੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੀ ਹੋਵੇਗੀ।

(5) ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਦੇ ਦਸਤਾਵੇਜ਼ ਸਮੇਤ ਫਾਈਨਲ ਪ੍ਰਿੰਟ ਦੀ ਕਾਪੀ ਜਿਲ੍ਹਾ ਖੇਤਰੀ ਦਫਤਰਾਂ ਵਿਖੇ ਮਿਤੀ 20-09-2025 ਤੱਕ ਜਮ੍ਹਾਂ ਕਰਵਾਏ ਜਾਣੇ ਲਾਜ਼ਮੀ ਹਨ। ਇਸ ਉਪਰੰਤ ਇਹ ਦਸਤਾਵੇਜ਼ ਕੇਵਲ ਮੁੱਖ ਦਫਤਰ ਵਿਖੇ ਹੀ ਪਹੁੰਚਦੇ ਕੀਤੇ ਜਾਣ।

(6) ਸਕੂਲ ਵੱਲੋਂ ਵਿਦਿਆਰਥੀਆਂ ਨੂੰ ਰਜਿਸਟਰਡ ਕਰਨ ਉਪਰੰਤ ਜੇਕਰ ਕਿਸੇ ਵਿਦਿਆਰਥੀ ਨੇ ਆਪਣਾ ਸਕੂਲ ਛੱਡਕੇ ਦੂਸਰੇ ਸਕੂਲ ਵਿੱਚ ਦਾਖਲਾ ਲੈਣਾ ਹੈ ਤਾਂ ਉਸਨੂੰ ਬੋਰਡ ਵੱਲੋਂ ਨਿਰਧਾਰਿਤ ਸ਼ਡਿਊਲ ਅਨੁਸਾਰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਉਣੀ ਲਾਜ਼ਮੀ ਹੈ।

(7) ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਦੇ ਸਮੇਂ ਜੇਕਰ ਕਿਸੇ ਵਿਦਿਆਰਥੀ ਦੀ ਐਂਟਰੀ ਕਿਸੇ ਵੀ ਕਾਰਨ ਜਾਂ ਗਲਤੀ ਨਾਲ ਕਰਨ ਤੋਂ ਰਹਿ ਜਾਂਦੀ ਹੈ ਤਾਂ ਉਸਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ/ਕਰਮਚਾਰੀ ਦੀ ਹੀ ਹੋਵੇਗੀ। ਅਜਿਹੇ ਵਿਦਿਆਰਥੀਆਂ ਨੂੰ ਨਿਰਧਾਰਿਤ ਸ਼ਡਿਊਲ ਤੋਂ ਬਾਅਦ ਆਨ-ਲਾਈਨ ਐਂਟਰੀ/ਰਜਿਸਟ੍ਰੇਸ਼ਨ ਕਰਨ ਦਾ ਕੋਈ ਹੋਰ ਮੌਕਾ ਨਹੀ ਦਿੱਤਾ ਜਾਵੇਗਾ।

**ਉੱਪ-ਸਕੱਤਰ**

**(ਅਕਾਦਮਿਕ/ਰਜਿਸਟਰੇਸ਼ਨ ਸ਼ਾਖਾ)**